# ਪਰਗਨਾ ਬਟਾਲਾ ਦਾ ਗੁਰੂ

## پرگنہ بٹالہ دا گرد

الناشر:

ایڈیشنل ناظر اشاعت و وکیل التصنیف لنڈن

# ਪਰਗਨਾ ਬਟਾਲਾ ਦਾ ਗੁਰੂ

ਵਰਤਮਾਨ ਸਮਾਂ ਇਕ ਅਜਿਹਾ ਭਿਆਨਕ ਸਮਾਂ ਹੈ ਕਿ ਜਿਸ ਦੀ ਉਦਾਹਰਣ ਸੰਸਾਰ ਦਾ ਇਤਿਹਾਸ ਪੇਸ਼ ਕਰਨ ਤੋਂ ਅਸਮਰਥ ਹੈ। ਜੇ ਧਾਰਮਿਕ ਦ੍ਰਿਸ਼ਟੀਕੋਣ ਨਾਲ ਇਸ ਸਮੇਂ ਦੀ ਭਿਆਨਕ ਤਬਾਹੀ ਦੇ ਕਾਰਨਾਂ ਦੀ ਢੂੰਡ ਕੀਤੀ ਜਾਵੇ, ਤਾਂ ਇਹੋ ਹੀ ਕਹਿਣਾ ਪੈਂਦਾ ਹੈ ਕਿ :–

"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥"

ਅਰਥਾਤ–ਅੱਜ ਸਾਰਾ ਸੰਸਾਰ ਰੱਬ ਨੂੰ ਤਿਆਗ ਕੇ ਦੁਖਾਂ ਅਤੇ ਔਕੜਾਂ ਦੇ ਵਹਿਣ ਵਿਚ ਰੁੜ੍ਹਿਆ ਜਾ ਰਿਹਾ ਹੈ।

ਸੰਸਾਰ ਦੇ ਲਗ ਪਗ ਸਾਰੇ ਹੀ ਆਸਤਿਕ ਧਰਮਾਂ ਦੀਆਂ ਪੁਸਤਕਾਂ ਵਿਚ ਇਸ ਸਮੇਂ ਦੇ ਵਿਗਾੜ ਤੇ ਇਸ ਦੇ ਸੁਧਰਨ ਦੀਆਂ ਪੇਸ਼ਗੋਈਆਂ ਆਪੋ ਆਪਣੇ ਰੰਗ ਵਿਚ ਮੌਜੂਦ ਹਨ। ਸਾਡੇ ਸਿੱਖ ਭਰਾਵਾਂ ਦੀਆਂ ਧਰਮ ਪੁਸਤਕਾਂ ਵਿਚ ਵੀ ਵਡੇ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਸੰਸਾਰ ਤੇ ਇਕ ਸਮਾਂ ਅਜਿਹਾ ਆਵੇਗਾ,ਜਦ ਧਰਮ ਉੱਕਾ ਹੀ ਅਲੋਪ ਹੋ ਜਾਵੇਗਾ ਅਤੇ ਹਰ ਪਾਸੇ ਧੁੰਧੂਕਾਰ ਹੀ ਧੁੰਧੂਕਾਰ ਹੋਵੇਗਾ, ਅਰਥਾਤ–

ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਣ ॥ [ਜਨਮਸਾਖੀ ਭਾਈ ਬਾਲਾ]

ਦਾ ਵਰਤਾਵਾ ਹਰ ਪਾਸੇ ਵਰਤ ਜਾਵੇਗਾ ਅਤੇ ਧਰਮ–

ਚਲੀ ਪਾਪ ਕੀ ਜਗਤ ਕੀ ਕਹਾਣੀ ॥ ਭਾਜਾ ਧਰਮ ਛੋਡ ਰਾਜਧਾਨੀ ॥
[ਸ੍ਰੀ ਦਸਮ ਗ੍ਰੰਥ

ਅਨੁਸਾਰ ਉੱਕਾ ਹੀ ਅਲੋਪ ਹੋ ਜਾਵੇਗਾ ਉਸ ਸਮੇਂ–

ਜਬ ਜਬ ਹੋਤ ਅਰਿਸ਼ਟ ਅਪਾਰਾ ॥ ਤਬ ਤਬ ਦੇਹ ਧਰਤ ਅਵਤਾਰਾ ॥
[ਸ੍ਰੀ ਦਸਮ ਗ੍ਰੰਥ

ਦੇ ਅਟੱਲ ਨੇਮ ਅਨੁਸਾਰ ਪ੍ਰਮਾਤਮਾ ਇਕ ਮਹਾਨ ਵੱਡੀ ਵਿਅਕਤੀ ਨੂੰ ਪਰਗਟ ਕਰੇਗਾ, ਜੋ ਰੱਬੀ ਹੁਕਮ ਅਨੁਸਾਰ ਨਵੇਂ ਸਿਰਿਓਂ ਧਰਮ ਦੀ ਸਥਾਪਨਾ ਕਰ ਕੇ ਈਸ਼ਵਰ ਤੋਂ ਬੇਮੁਖ ਲੋਕਾਂ ਨੂੰ ਉਸ ਦੇ ਲੜ ਲਾਉਣ ਦਾ ਉਪਰਾਲਾ ਕਰੇਗੀ।

ਹਜ਼ਰਤ ਬਾਬਾ ਨਾਨਕ ਜੀ ਮਹਾਰਾਜ ਨੇ ਇਸ ਰੱਬੀ ਸੁਧਾਰਕ

ਬਾਰੇ ਆਪਣੇ ਈਸ਼੍ਵਰ ਤੋਂ ਗਿਆਨ ਪ੍ਰਾਪਤ ਕਰ ਕੇ ਬਹੁਤ ਕੁਝ ਵਰਨਣ ਕਰ ਦਿਤਾ ਹੈ, ਤਾਂ ਜੁ ਸਾਧਾਰਨ ਜਨਤਾ ਨੂੰ ਉਸਦੀ ਪਛਾਣ ਕਰਨ ਵਿਚ ਕੋਈ ਔਖ ਨਾ ਰਹੇ। ਆਪ ਨੇ ਉਸ ਆਉਣ ਵਾਲੇ ਸੁਧਾਰਕ ਦਾ ਜਾਮਾਂ ਸਪਸ਼ਟ ਅੱਖਰਾਂ ਵਿਚ ਮੁਸਲਮਾਨ ਦਾ ਦਸਿਆ ਹੈ। *(ਦੇਖੋ ਜਨਮ ਸਾਖੀ ਭਾਈ ਬਾਲਾ ਪੰਨਾ ਪ੨੭) ਇਸ ਤੋਂ ਬਿਨਾਂ ਆਪ ਨੇ ਹੋਰ ਵੀ ਅਜਿਹੀਆਂ ਨਿਸ਼ਾਨੀਆਂ ਪ੍ਰਗਟ ਕੀਤੀਆਂ ਹਨ, ਜੋ ਬਿਲਕੁਲ ਹੀ ਸਪਸ਼ਟ ਹਨ। ਆਪ ਨੇ ਇਹ ਵੀ ਦਸਿਆ ਹੈ ਕਿ ਉਸਦਾ ਟਿਕਾਣਾ ਪਰਗਨਾ ਬਟਾਲਾ ਵਿਚ ਹੋਵੇਗਾ; ਜਿਹਾ ਕਿ ਲਿਖਿਆ ਹੈ ਕਿ ਭਾਈ ਮਰਦਾਨੇ ਨੇ ਬਾਬਾ ਜੀ ਤੋਂ ਇਸ ਰੱਬੀ ਸੁਧਾਰਕ ਬਾਰੇ ਹੋਰ ਗੱਲਾਂ ਪੁਛਦਿਆਂ ਹੋਇਆਂ ਉਸ ਦੇ ਟਿਕਾਣੇ ਬਾਰੇ ਪੁਛਿਆ :–

"ਮਰਦਾਨੇ ਕਹਿਆ ਜੀ ਕਿਹੜੇ ਥਾਂਇ ਔਰ ਕਿਹੜੇ ਮੁਲਖ ਵਿਚ ਹੋਵੇਗਾ, ਤਾਂ ਗੁਰੂ ਜੀ ਕਹਿਆ ਮਰਦਾਨਾ ਵਟਾਲੇ ਦੇ ਪਰਗਨੇ ਵਿਚ ਹੋਸੀ।"† [ਜਨਮਸਾਖੀ ਭਾਈ ਬਾਲਾ ਪੰਨਾ ੨੫੧

---

*ਯਾਦ ਰਹੇ ਕਿ ਜਨਮਸਾਖੀ ਦੇ ਨਵੇਂ ਐਡੀਸ਼ਨਾਂ ਵਿਚੋਂ ਉਸ ਕਾ "ਜਾਮਾ ਮੁਸਲਮਾਨ ਕਾ ਹੋਗਾ।" ਕਢ ਦਿਤਾ ਗਿਆ ਹੈ।
(ਦੇਖੋ ਜਨਮਸਾਖੀ ਭਾਈ ਬਾਲਾ ਨਵਾਂ ਐਡੀਸ਼ਨ ਪੰਨਾ ੫੦੮)

†ਬਾਬਾ ਜੀ ਦੀ ਇਹ ਪੇਸ਼ਗੋਈ ਵੀ ਜਨਮਸਾਖੀ ਦੇ ਨਵੇਂ ਐਡੀਸ਼ਨਾਂ ਵਿਚੋਂ ਕੱਢ ਦਿਤੀ ਗਈ ਹੈ ਤੇ ਇਹ ਕਿਹਾ ਗਿਆ ਹੈ ਕਿ ਇਹ ਹਿੰਦਾਲੀਆਂ ਨੇ ਆਪਣੇ ਗੁਰੂ ਬਾਬਾ ਹਿੰਦਾਲ ਨੂੰ ਸੱਚਾ ਸਿਧ ਕਰਨ ਲਈ ਮੰਗਰੋਂ ਮਿਲਾਈ ਹੈ। ਪਰ ਜੇ ਇਹ ਉਹਨਾਂ ਦੀ ਮਿਲਾਵਟ ਹੁੰਦੀ, ਤਾਂ ਓਹ ਪਰਗਨਾ ਬਟਾਲਾ ਨਾ ਲਿਖਦੇ। ਬਾਬਾ ਹਿੰਦਾਲ ਜੀ ਦਾ ਜਨਮ ਅਸਥਾਨ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਹੈ; ਜਿਹਾ ਕਿ ਲਿਖਿਆ ਹੈ ਕਿ– "ਇਹ ਜੰਡਿਆਲਾ (ਅੰਮ੍ਰਿਤਸਰ) ਵਿਚ ਸੰਮਤ ੧੬੩੦ ਵਿਚ ਜੰਮਿਆ।" (ਗੁਰੂ ਬੰਸਾਵਲੀ ਪੰਨਾ ੬੮ ਅਤੇ ਤਵਾਰੀਖ ਗੁਰੂ ਖਾਲਸਾ ਪੰਥ ਪੰਨਾ ੩੩੫)ਸੋ ਜੇ ਇਹ ਹਿੰਦਾਲੀਆਂ ਦੀ ਮਿਲਾਵਟ ਹੁੰਦੀ ਤਾਂ ਉਹ 'ਜੰਡਿਆਲਾ ਗੁਰੂ ਕਾ' ਲਿਖਦੇ, ਓਹਨਾਂ ਨੂੰ ਪਰਗਨਾ ਬਟਾਲਾ ਲਿਖਣ ਦੀ ਕੀ ਲੋੜ ਸੀ ?

ਬਾਬਾ ਜੀ ਦੇ ਇਹ ਭਵਿਖੱਤ ਬਚਨ ਜਨਮਸਾਖੀ ਦੇ ਹਸਤ-ਲਿਖਤ ਨੁਸਖਿਆਂ ਵਿਚ ਵੀ ਹਨ।*ਉੱਥੇ ਭਾਈ ਮਰਦਾਨਾ ਜੀ ਵਲੋਂ ਇਸ ਗੁਰੂ ਦੇ ਸੰਬੰਧ ਵਿਚ ਹੋਰ ਕਈ ਪ੍ਰਸ਼ਨ ਤੇ ਬਾਬਾ ਜੀ ਦੇ ਉੱਤਰ ਵਰਨਣ ਕੀਤੇ ਗਏ ਹਨ। ਛਾਪੇ ਦੀਆਂ ਜਨਮ ਸਾਖੀਆਂ ਵਿਚ ਓਹਨਾਂ ਪ੍ਰਸ਼ਨ-ਉਤਰਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ; ਹਾਲਾਂ ਕਿ ਓਹ ਇਸ ਵਿਸ਼ੇ ਪੁਰ ਵਧੇਰੇ ਚਾਨਣਾ ਪਾਉਂਦੇ ਸਨ; ਜਿਹਾ ਕਿ ਮਰਦਾਨੇ ਦਾ ਇਕ ਇਹ ਪ੍ਰਸ਼ਨ ਸੀ ਕਿ–

"ਮਰਦਾਨੇ ਪੁੱਛਿਆ ਜੀ ਉਹ ਕਿਹੜੇ ਬਰਨ ਹੋਵੇਗਾ, ਤਾਂ ਗੁਰੂ ਨਾਨਕ ਜੀ ਕਿਹਾ ਵਰਨ ਜੱਟ ਦੇ ਹੋਵੇਗਾ।" (ਪੰਨਾ ੨੪੬

ਇਸ ਦੇ ਨਾਲ ਹੀ ਭਾਈ ਮਰਦਾਨੇ ਨੇ ਇਹ ਪੁਛ ਵੀ ਕੀਤੀ ਕਿ–

"ਮਰਦਾਨੇ ਆਖਿਆ ਜੀ ਤੁਸਾਂ ਜਿਹਾ ਹੋਵੇਗਾ, ਤਾਂ ਗੁਰੂ ਨਾਨਕ ਜੀ ਆਖਿਆ ਅਸਾਥੋਂ ਵਧ ਹੋਸੀ।" (ਪੰਨਾ ੨੪੪

ਇਸੇ ਤਰਾਂ ਹੀ ਇਕ ਇਹ ਪ੍ਰਸ਼ਨ ਵੀ ਮਰਦਾਨੇ ਦਾ ਪਰਗਟ ਕੀਤਾ ਗਿਆ ਹੈ ਕਿ :–

'ਫੇਰ ਮਰਦਾਨੇ ਆਖਿਆ ਜੀ ਜੇ ਤੁਸਾਥੋਂ ਵਧ ਹੋਸੀ ਤਾਂ ਤੁਹਾਡੀ ਆਣ ਕਿਉਂਕਰ ਮੰਨਸੀ ? ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਇਸ ਵਾਸਤੇ ਮੰਨੇਗਾ ਜੋ ਗੁਰੂ ਅਸਾਨੂੰ ਮਿਲਿਆ ਸੋ ਉਸ ਨੂੰ ਭੀ ਮਿਲੇਗਾ।... ਗੁਰਭਾਈ ਕਰਕੇ ਆਣ ਮੰਨਸੀ।' (ਪੰਨਾ ੨੪੫

ਇਸ ਤੋਂ ਛੁੱਟ ਇਕ ਪ੍ਰਸ਼ਨ ਭਾਈ ਮਰਦਾਨਾ ਜੀ ਨੇ ਉਸ ਦੀ ਸੰਗਤ (ਜਮਾਤ) ਬਾਰੇ ਕੀਤਾ ਕਿ–

"ਮਰਦਾਨੇ ਪੁਛਿਆ ਜੀ ਉਸ ਦੇ ਸਿੱਖ ਸੰਗਤ ਹੋਵੇਗੀ, ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਉਹ ਤਾਂ ਆਪੇ ਹੀ ਹੋਵੇਗਾ। **ਪਰ ਉਸ**

---

*ਹਸਤ-ਲਿਖਤ ਜਨਮ-ਸਾਖੀਆਂ ਬਾਰੇ ਸ: ਕਰਮ ਸਿੰਘ ਜੀ ਹਿਸਟੋਰੀਅਨ ਲਿਖਦੇ ਹਨ ਕਿ :–

"ਇਹ ਜ਼ਰੂਰੀ ਜਾਪਦਾ ਹੈ ਕਿ ਖੋਜ ਲਈ ਅਜਿਹੀਆਂ ਜਨਮ-ਸਾਖੀਆਂ ਨੂੰ ਪਰਮਾਨੀਕ ਨਾ ਸਮਝਿਆ ਜਾਵੇ। ਪਰਮਾਣੀਕ ਉਹੋ ਹਨ, ਜੋ ਹਸਤ ਲਿਖਤ ਦੀਆਂ ਹਨ, ਛਪੀਆਂ ਹੋਈਆਂ ਵਿਚ ਕੁਝ ਨਾ ਕੁਝ ਵਾਧਾ ਘਾਟਾ ਜ਼ਰੂਰ ਹੈ।" (ਕਤਕ ਕਿ ਵਿਸਾਖ ਪੰ:੨੫

ਦੀ ਸੰਗਤ ਬਿਨਾਂ ਕਰਤਾਰ ਥੀਂ ਹੋਰਸ ਨੂੰ ਜਾਣੇਗੀ ਹੀ ਨਾਹੀ। ਉਸਦਾ ਡਾਢਾ ਪੰਥ ਚਲੇਗਾ।" (ਪੰਨਾ ੨੪੬

ਹਜ਼ਰਤ ਬਾਬਾ ਨਾਨਕ ਜੀ ਨੇ ਆਪਣੀ ਇਸ ਭਵਿੱਖਤ ਬਾਣੀ ਵਿਚ ਇਸ ਆਉਣ ਵਾਲੇ ਗੁਰੂ ਬਾਰੇ ਜੋ ਨਿਸ਼ਾਨੀਆਂ ਦੱਸੀਆਂ ਹਨ; ਓਹਨਾਂ ਤੋਂ ਪਰਗਟ ਹੁੰਦਾ ਹੈ ਕਿ–

(੧) ਉਸ ਦਾ ਜਨਮ-ਅਸਥਾਨ ਪਰਗਨਾ ਬਟਾਲਾ ਹੋਵੇਗਾ। (੨) ਉਹ ਜ਼ਿਮੀਂਦਾਰ ਘਰਾਣੇ ਨਾਲ ਸੰਬੰਧਤ ਹੋਵੇਗਾ। (੩) ਉਹ ਆਪਣਾ ਤੇ ਬਾਬਾ ਜੀ ਦਾ ਇਕੋ ਹੀ ਗੁਰੂ ਦਸੇਗਾ। (੪) ਉਹ ਬਾਬਾ ਜੀ ਨੂੰ ਗੁਰਭਾਈ ਮੰਨ ਕੇ ਸਤਿਕਾਰੇਗਾ। (੫) ਉਸ ਦੀ ਸੰਗਤ (ਜਮਾਤ) ਜ਼ਬਰਦਸਤ ਹੋਵੇਗੀ।

ਇਹ ਪੰਜੇ ਹੀ ਨਿਸ਼ਾਨੀਆਂ ਅਜਿਹੀਆਂ ਹਨ, ਜੋ ਪਰਗਨਾ ਬਟਾਲਾ ਵਿਚ ਪ੍ਰਗਟ ਹੋਏ ਗੁਰੂ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਵਿਚ ਪੂਰਨ ਤੌਰ ਤੇ ਪਾਈਆਂ ਜਾਂਦੀਆਂ ਹਨ। ਅਸੀਂ ਆਪਣੇ ਸਿੱਖ ਭਰਾਵਾਂ ਨੂੰ ਸੱਚੇ ਦਿਲੋਂ ਵਧਾਈ ਦਿੰਦੇ ਹਾਂ ਕਿ ਰੱਬ ਨੇ ਹਜ਼ਰਤ ਬਾਬਾ ਨਾਨਕ ਜੀ ਦੇ ਭਵਿੱਖਤ ਬਚਨ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੂੰ ਪਰਗਨਾ ਬਟਾਲਾ ਵਿਚ ਪਰਗਟ ਕਰਕੇ ਅੱਖਰ ਅੱਖਰ ਪੂਰੇ ਕਰ ਦਿਤੇ ਹਨ। ਸੱਚ ਹੈ "ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥"

ਆਦਿ ਗ੍ਰੰਥ ਪੰਨਾ ੧੨੦੪

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਇਕ ਪਤਿਵੰਤੇ ਜ਼ਿਮੀਂਦਾਰ ਘਰਾਣੇ ਨਾਲ ਸੰਬੰਧ ਰਖਦੇ ਹਨ। ਇਹ ਸਾਰੇ ਹੀ ਜਾਣਦੇ ਹਨ ਕਿ ਬਾਬਾ ਨਾਨਕ ਜੀ ਹਿੰਦੂਆਂ ਵਾਂਗ ਜਨਮ ਤੋਂ ਵਰਣ ਨਹੀਂ ਮੰਨਦੇ ਸਨ; ਸਗੋਂ ਆਪ ਜੀ ਦਾ ਸਿੱਧਾਂਤ "ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥" ਸੀ, ਅਰਥਾਤ ਆਪ ਕਰਮ ਅਨੁਸਾਰ ਵਰਣ ਮੰਨਦੇ ਸਨ; ਇਸ ਲਈ ਇਹੋ ਹੀ ਮੰਨਣਾ ਪਵੇਗਾ ਕਿ ਉਹ ਪੂਰਨ ਗੁਰੂ ਕਰਮ ਦੇ ਲਿਹਾਜ਼ ਨਾਲ ਜ਼ਿਮੀਂਦਾਰ ਹੋਵੇਗਾ, ਅਰਥਾਤ ਉਸ ਦਾ ਘਰਾਣਾ ਜ਼ਿਮੀਂਦਾਰਾ ਕੰਮ ਕਰਦਾ ਹੋਵੇਗਾ।

ਆਪ ਦਾ ਜਨਮ ਬਾਬਾ ਜੀ ਦੇ ਦਸੇ ਪਤੇ ਪਰਗਨਾ ਬਟਾਲਾ ਵਿਚ ਹੀ ਹੈ। ਇਸ ਦੇ ਨਾਲ ਹੀ ਆਪ ਨੇ ਸਾਫ ਅੱਖਰਾਂ ਵਿਚ ਆਪਣਾ

ਤੇ ਹਜ਼ਰਤ ਬਾਬਾ ਨਾਨਕ ਜੀ ਦਾ ਇੱਕੋ ਹੀ ਮਤ ਤੇ ਇੱਕੋ ਹੀ ਗੁਰੂ ਪ੍ਰਗਟ ਕੀਤਾ ਹੈ; ਜਿਹਾ ਕਿ ਆਪ ਨੇ ਆਪਣੇ ਮਤ ਤੇ ਗੁਰੂ ਬਾਰੇ ਫਰਮਾਇਆ ਹੈ ਕਿ- "ਮਾ ਮੁਸਲਮਾਨੇਮ ਅਜ਼ ਫਜ਼ਲਿ ਖ਼ੁਦਾ। ਮੁਸਤਫ਼ਾ ਮਾ ਰਾ ਇਮਾਮੋ ਪੇਸ਼ਵਾ॥"

ਅਰਥਾਤ–ਮੈਂ ਰੱਬ ਦੀ ਕਿਰਪਾ ਨਾਲ ਮੁਸਲਮਾਨ ਹਾਂ ਤੇ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਮੇਰੇ ਗੁਰੂ ਹਨ ਅਤੇ ਹਜ਼ਰਤ ਬਾਬਾ ਨਾਨਕ ਜੀ ਮਹਾਰਾਜ ਬਾਰੇ ਆਪ ਫਰਮਾਉਂਦੇ ਹਨ ਕਿ–

"ਹਮਾਰੀ ਰਾਇ ਬਾਵਾ ਨਾਨਕ ਸਾਹਿਬ ਕੀ ਨਿਸਬਤ ਯਿਹ ਹੈ ਕਿ ਬਿਲਾ ਸ਼ੁਬਾ ਵੋਹ ਸੱਚੇ ਮੁਸਲਮਾਨ ਥੇ ਔਰ ਯਕੀਨਨ ਵੋਹ ਵੇਦ ਸੇ ਬੇਜ਼ਾਰ ਹੋਕਰ ਕਲਮਾ ਲਾਇਲਾਹਾ ਇੱਲੱਲਾਹੁ ਮੁਹੰਮੱਦ ਰਸੂਲੱਲਾਹ ਸੇ ਮੁਸ਼ੱਰਫ਼ ਹੋ ਕਰ ਉਸ ਨਈ ਜ਼ਿੰਦਗੀ ਕੋ ਪਾ ਚੁਕੇ ਥੇ ਜੋ ਬਗੈਰ ਖ਼ੁਦਾ ਤਾਅਲਾ ਤੇ ਪਾਕ ਰਸੂਲ ਕੀ ਪੈਰਵੀ ਕੇ ਕਿਸੀ ਕੋ ਨਸੀਬ ਨਹੀਂ ਹੋਤੀ।"*

(ਸਤਿ-ਬਚਨ ਪੰਨਾ ੩੧

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਹਜ਼ਰਤ ਬਾਬਾ ਨਾਨਕ ਜੀ ਦਾ ਸਤਿਕਾਰ ਸਥਾਪਨ ਕਰਦਿਆਂ ਹੋਇਆਂ ਫਰਮਾਇਆ ਕਿ :–

"ਹਮੇਂ ਬਾਵਾ ਸਾਹਿਬ ਕੀ ਬਜ਼ੁਰਗੀਓਂ ਔਰ ਇੱਜ਼ਤੋਂ ਮੇਂ ਕੁਛ ਕਲਾਮ ਨਹੀਂ ਔਰ ਐਸੇ ਆਦਮੀ ਕੋ ਹਮ ਦਰ ਹਕੀਕਤ ਖ਼ਬੀਸ ਔਰ ਨਾਪਾਕ ਤਬਾ ਸਮਝਤੇ ਹੈਂ ਜੋ ਉਨ ਕੀ ਸ਼ਾਨ ਮੇਂ ਕੋਈ ਨਾਲਾਇਕ ਲਫ਼ਜ਼ ਮੂੰਹ ਪਰ ਲਾਵੇ ਯਾ ਤੌਹੀਨ ਕਾ ਮੁਰਤਕਿਬ ਹੋ।"

(ਸਤਿ-ਬਚਨ ਪੰਨਾ ੧੧੭

---

*ਹਜ਼ਰਤ ਬਾਬਾ ਨਾਨਕ ਜੀ ਨੇ ਹਜ਼ਰਤ ਮੁਹੰਮਦ ਸਾਹਿਬ ਜੀ ਬਾਰੇ ਆਪਣਾ ਸ਼ਰਧਾ ਭਰਿਆ ਪਿਆਰ ਇਹਨਾਂ ਅੱਖਰਾਂ ਦੁਆਰਾ ਪਰਗਟ ਕੀਤਾ ਹੈ ਕਿ:–

ਸਾਦ ਸਲਾਹਤ ਮੁਹੰਮਦੀ ਮੁਖ ਹੀ ਆਖਹੁ ਨਿਤੁ॥
ਖਾਸਾ ਬੰਦਾ ਸਜਿਆ ਸਿਰਿ ਮਿਤ੍ਰਾ ਹੂ ਮਿਤੁ॥

(ਜਨਮਸਾਖੀ ਵਲਾਇਤ ਵਾਲੀ ਸਫ਼ਾ ੨੪੬

ਅਥਵਾ:– ਸੇਈ ਛੁਟੇ ਨਾਨਕਾ ਹਜ਼ਰਤ ਜਿਨਾ ਪਨਾਹ॥

(ਜਨਮਸਾਖੀ ਵਲਾਇਤ ਵਾਲੀ ਸਫ਼ਾ ੨੫੦

ਯਾਦ ਰਹੇ ਕਿ ਉਕਤ ਹਵਾਲੇ ਨਵੇਂ ਐਡੀਸ਼ਨਾਂ ਵਿਚੋਂ ਕਢ ਦਿਤੇ ਗਏ ਹਨ।

ਇਕ ਹੋਰ ਥਾਂ ਆਪ ਫਰਮਾਉਂਦੇ ਹਨ ਕਿ :–

"ਇਸੀ ਵਜਾ ਸੇ ਮੈਂ ਬਾਵਾ ਨਾਨਕ ਸਾਹਿਬ ਕੋ ਇਜ਼ਤ ਕੀ ਨਜ਼ਰ ਸੇ ਦੇਖਤਾ ਹੂੰ, ਕਿਉਂ ਕਿ ਮੁਝੇ ਮਾਲੂਮ ਹੂਆ ਹੈ ਕਿ ਵੋਹ ਉਸ ਚਸ਼ਮੇ ਸੇ ਪਾਨੀ ਪੀਤੇ ਥੇ, ਜਿਸ ਸੇ ਹਮ ਪੀਤੇ ਹੈਂ।"

(ਇਸ਼ਤਿਹਾਰ ੧੮ ਅਪ੍ਰੈਲ ੧੮੯੭

ਹਜ਼ਰਤ ਮਿਰਜ਼ਾ ਸਾਹਿਬ ਜੀ ਦਾ ਉਕਤ ਕਥਨ ਬਾਬਾ ਜੀ ਦੇ ਫ਼ਰਮਾਨ, ਕਿ ਉਹ ਸਾਡਾ ਸਤਿਕਾਰ ਗੁਰ ਭਾਈ ਮੰਨਕੇ ਕਰੇਗਾ, ਦੀ ਪੂਰੀ ਪੂਰੀ ਪ੍ਰੜ੍ਹਤਾ ਕਰਦਾ ਹੈ। ਹਜ਼ਰਤ ਮਿਰਜ਼ਾ ਸਾਹਿਬ ਜੀ ਦੀ ਸੰਗਤ ਜਮਾਤ ਅਹਿਮਦੀਆ ਹੈ, ਜੋ ਰੱਬ ਦੀ ਕ੍ਰਿਪਾ ਨਾਲ ਇਕ ਜ਼ਿੰਦਾ ਜਮਾਤ ਹੈ। ਸਿੱਖ ਭਰਾਵਾਂ ਦੇ ਇਕ ਉੱਘੇ ਅਖਬਾਰ ਨੇ ਹਜ਼ਰਤਮਿਰਜ਼ਾ ਸਾਹਿਬ ਤੇ ਆਪ ਦੀ ਜਮਾਤ ਬਾਰੇ ਆਪਣੇ ਵੀਚਾਰ ਹੇਠ ਲਿਖੇ ਅੱਖਰਾਂ ਦੁਆਰਾ ਪ੍ਰਗਟ ਕੀਤੇ ਹਨ :–

"(ਹਜ਼ਰਤ) ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਨੇ ਇਸਲਾਮ ਕਾ ਅਲਮ ਬੁਲੰਦ ਕੀਆ। ਵਕਤ ਕੀ ਰਫ਼ਤਾਰ ਕੇ ਮੁਤਾਬਿਕ ਉਨ੍ਹੋਂ ਨੇ ਦਲੀਲ ਔਰ ਅਕਲ ਸੇ ਇਸਲਾਮ ਕੇ ਖ਼ਿਲਾਫ਼ ਇਤਰਾਜ਼ਾਤ ਕਾ ਜਵਾਬ ਦੇਨੇ ਕੇ ਲੀਏ ਤਹਿਰੀਰੋ ਤਕਰੀਰ ਕਾ ਸਿਲਸਿਲਾ ਜਾਰੀ ਰਖਾ। ਮਿਰਜ਼ਾ ਸਾਹਿਬ ਕੀ ਯਿਹ ਤਹਿਰੀਕ ਇਸ ਕਦਰ ਕਾਮਯਾਬ ਹੂਈ ਕਿ ਉਨ੍ਹੋਂ ਨੇ ਪੈਗੰਬਰੀ ਕਾ ਦਾਵਾ ਕੀਆ ਔਰ ਉਨ ਕਾ ਯਿਹ ਦਾਅਵਾ ਭੀ ਏਕ ਬੜੀ ਜਮਾਤ ਨੇ ਸਹੀ ਤਸਲੀਮ ਕਰ ਲੀਆ। ਮੁਸਲਮਾਨੋਂ ਮੇਂ ਅਹਿਮਦੀ, ਹਿੰਦੂਓਂ ਮੇਂ ਆਰੀਆ ਸਮਾਜੀ, ਮਜ਼ਹਬੀ ਵਾਕਫ਼ੀਅਤ ਕੇ ਇਤਬਾਰ ਸੇ ਬਾਕੀ ਜਮਾਤੋਂ ਪਰ ਫ਼ੌਕੀਅਤ ਰਖਤੇ ਥੇ। ਅਹਿਮਦੀਓਂ ਕੀ ਤਹਿਰੀਕ ਤੋ ਅਬ ਤਕ ਜ਼ਿੰਦਾ ਹੈ, *ਮਗਰ ਆਰੀਆ ਸਮਾਜੀਓਂ ਕੀ ਤਹਿਰੀਕ ਖ਼ਤਮ ਹੋ ਚੁਕੀ ਹੈ। ਸਿੰਘ ਸਭਾ ਤਹਿਰੀਕ ਕੀ ਜਗਹ ਅਕਾਲੀ ਤਹਿਰੀਕ ਨੇ ਲੇ ਲੀ। ਮਗਰ ਅਬ ਸਿੱਖੋਂ ਮੇਂ ਮਜ਼ਹਬ ਕੇ ਲੀਏ ਨਾ ਵੋਹ ਜੋਸ਼ ਹੈ, ਨਾ ਵੋਹ ਮੁਹੱਬਤ। ਧਰਮ ਸੇ ਵਾਕਫ਼ੀਅਤ ਕਾ ਨੌਜਵਾਨੋਂ ਕੋ

---

*ਸੱਚ ਹੈ :–

"ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥"

ਕੋਈ ਜੋਸ਼ ਨਹੀਂ।'' ("ਸ਼ੇਰਿ-ਪੰਜਾਬ'' ਲਾਹੌਰ ੧੨ ਜੁਲਾਈ ੧੯੪੨

ਸਿੱਖ ਭਰਾਵਾਂ ਦੇ ਉੱਘੇ ਅਖਬਾਰ 'ਸ਼ੇਰਿ ਪੰਜਾਬ' ਲਾਹੌਰ ਦਾ ਉਕਤ ਕਥਨ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦੀ ਸਥਾਪਨ ਕੀਤੀ ਜਮਾਤ ਬਾਰੇ ਬਾਬਾ ਜੀ ਦੀ ਦੱਸੀ ਨਿਸ਼ਾਨੀ "ਉਸ ਦਾ ਡਾਢਾ ਪੰਥ ਚਲੇਗਾ'' ਦੀ ਪੂਰੀ ਪੂਰੀ ਪੁਸ਼ਟੀ ਕਰਦਾ ਹੈ।

ਸੋ ਅਸੀਂ ਆਪਣੇ ਸਮੂੰਹ ਭਰਾਵਾਂ ਨੂੰ ਇਹ ਖੁਸ਼ਖਬਰੀ ਦਿੰਦੇ ਹਾਂ ਕਿ ਬਾਬਾ ਜੀ ਦੇ ਓਹ ਭਵਿੱਖਤ ਬਚਨ, ਜੋ ਉਹਨਾਂ ਨੇ ਪਰਗਨਾ ਬਟਾਲਾ ਵਿਚ ਪਰਗਟ ਹੋਣ ਵਾਲੇ ਪੂਰੇ ਗੁਰੂ ਬਾਰੇ ਅੱਜ ਤੋਂ ਸਦੀਆਂ ਪਹਿਲਾਂ ਕੀਤੇ ਸਨ, ਓਹ ਅੱਖਰ ਅੱਖਰ ਪੂਰੇ ਹੋ ਚੁਕੇ ਹਨ ਅਰਥਾਤ ਮੁਸਲਮਾਨਾਂ ਦੇ ਜਾਮੇ ਵਿਚ ਪਰਗਟ ਹੋਣ ਵਾਲਾ ਪੂਰਾ ਗੁਰੂ ਬਾਬਾ ਜੀ ਦੇ ਦਸੇ ਪਤੇ ਕਾਦੀਆਨ (ਪਰਗਨਾ ਬਟਾਲਾ) ਵਿਚ ਪਰਗਟ ਹੋ ਚੁਕਾ ਹੈ। ਉਸ ਵਿਚ ਉਹ ਸਾਰੀਆਂ ਹੀ ਨਿਸ਼ਾਨੀਆਂ ਪਾਈਆਂ ਜਾਂਦੀਆਂ ਹਨ, ਜੋ ਬਾਬਾ ਜੀ ਨੇ ਆਪਣੇ ਭਵਿੱਖਤ ਬਚਨਾਂ ਵਿਚ ਵਰਨਣ ਕੀਤੀਆਂ ਹਨ।

ਗੁਰਮਤ ਦਾ ਇਹ ਮੁਢਲਾ ਸਿੱਧਾਂਤ ਹੈ ਕਿ ਕੋਈ ਪ੍ਰਾਨੀ ਕਿਸੇ ਵੇਲੇ ਵੀ ਆਪਣੇ ਸਮੇਂ ਦੇ ਗੁਰੂ ਦੇ ਲੜ ਲੱਗਣ ਤੋਂ ਬਿਨਾਂ ਈਸ਼ਵਰ ਤਕ ਨਹੀਂ ਪੁੱਜਾ ਤੇ ਨਾ ਪੁੱਜ ਸਕਦਾ ਹੈ। ਪ੍ਰਿਥੀਚੰਦ, ਧੀਰਮਲ ਤੇ ਰਾਮਰਾਇ ਆਦਿ ਗੁਰੂ ਪੁੱਤਾਂ ਦੇ, ਗੁਰੂ ਘਰ ਤੋਂ ਛੇਕੇ ਜਾਣ ਦਾ ਕਾਰਨ ਇਹੋ ਹੀ ਸਿੱਧਾਂਤ ਸੀ, ਕਿਉਂਜੁ ਉਹਨਾਂ ਨੇ ਆਪਣੇ ਸਮੇਂ ਦੇ ਗੁਰੂ ਦੀ ਵਿਰੋਧਤਾ ਕੀਤੀ ਸੀ। ਹਜ਼ਰਤ ਬਾਬਾ ਨਾਨਕ ਜੀ ਨੇ ਤਾਂ ਸਪਸ਼ਟ ਅੱਖਰਾਂ ਵਿਚ ਫਰਮਾਇਆ ਹੈ ਕਿ-

"ਸਾਧੂ ਸਤਗੁਰ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥'' [ਮ: ੧ ਪੰ: ੨੧]

ਅਥਵਾ:-ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥

[ਮ: ੧ ਪੰਨਾ ੬੩੭

ਅਰਥਾਤ ਜੇ ਸੱਚੇ ਗੁਰੂ ਨਾਲ ਮੇਲ ਹੋ ਜਾਵੇ, ਤਾਂ ਈਸ਼ਵਰ ਨਾਲ ਮਿਲਾਪ ਹੋ ਸਕਦਾ ਹੈ। ਗੁਰੂ ਬਿਨਾਂ ਰੱਬ ਨਾਲ ਸੰਬੰਧ ਹੋਣਾ ਕਠਨ ਹੀ ਨਹੀਂ; ਸਗੋਂ ਅਸੰਭਵ ਹੈ। ਬਾਬਾ ਨਾਨਕ ਜੀ ਨੇ ਤਾਂ ਇਥੋਂ ਤਕ ਆਖ ਦਿਤਾ ਹੈ ਕਿ :—

"ਬਿਨੁ ਸਤਿਗੁਰ ਕਿਨੈ ਨ ਪਾਇਓ | ਮ: ੧
ਬਿਨੁ ਸਤਿਗੁਰ ਕਿਨੈ ਨ ਪਾਇਆ॥'' | ਪੰਨਾ ੪੬੬

ਅਰਥਾਤ–ਗੁਰੂ ਤੋਂ ਬਿਨਾਂ ਈਸ਼ਵਰ ਪ੍ਰਾਪਤੀ ਅਸੰਭਵ ਹੈ। ਇਹ ਸਿੱਧਾਂਤ ਕੋਈ ਨਵਾਂ ਸਿੱਧਾਂਤ ਨਹੀਂ, ਸਗੋਂ ਬੀਤ ਚੁਕੇ ਸਮੇਂ ਵਲ (ਭਾਵੇਂ ਉਹ ਮਾਜ਼ੀ ਕਰੀਬ ਹੋਵੇ ਤੇ ਭਾਵੇਂ ਮਾਜ਼ੀ ਬਈਦ) ਝਾਤ ਮਾਰ ਕੇ ਦੇਖ ਲਓ, ਕੋਈ ਵੀ ਵਿਅਕਤੀ ਆਪਣੇ ਸਮੇਂ ਦੇ ਗੁਰੂ ਦਾ ਲੜ ਫੜਨ ਤੋਂ ਬਿਨਾਂ ਈਸ਼ਵਰ ਨੂੰ ਪ੍ਰਾਪਤ ਨਹੀਂ ਹੋਈ ਕਿਉਂ ਜੋ :–

ਬਿਨੁ ਸਤਿਗੁਰ ਕੋ ਨਾਉ ਨ ਪਾਏ | ਮ: ੩
ਪ੍ਰਭਿ ਐਸੀ ਬਣਤ ਬਣਾਈ ਹੇ ॥ | ਪੰਨਾ ੧੦੪੬

ਅਰਥਾਤ–ਇਹ ਪ੍ਰਭੂ ਨੇ ਹੀ ਅਜਿਹੀ ਬਣਤ ਬਣਾਈ ਹੈ ਕਿ ਗੁਰੂ ਤੋਂ ਬਿਨਾਂ ਕੋਈ ਪ੍ਰਾਣੀ ਰੱਬ ਨੂੰ ਪ੍ਰਾਪਤ ਨਹੀਂ ਹੋ ਸਕਦਾ।

ਬੱਸ ਮੇਰੇ ਪਿਆਰੇ ਭਰਾਓ ! ਇਸ ਸਮੇਂ ਦੇ ਗੁਰੂ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਹਨ, ਜੋ ਈਸ਼ਵਰ ਵਲੋਂ ਸੁਧਾਰਕ ਨਿਯੁਕਤ ਕੀਤੇ ਗਏ ਹਨ। ਆਪ ਦਾ ਫ਼ਰਮਾਨ ਹੈ ਕਿ :–

"ਮੁਬਾਰਕ ਹੈ ਵੋਹ ਜਿਸ ਨੇ ਮੁਝੇ ਪਹਿਚਾਨਾ। ਮੈਂ ਖੁਦਾ ਕੀ ਸਬ ਰਾਹੋਂ ਸੇ ਆਖ਼ਰੀ ਰਾਹ ਹੂੰ ਔਰ ਮੈਂ ਉਸ ਕੇ ਨੂਰੋਂ ਸੇ ਆਖ਼ਰੀ ਨੂਰ ਹੂੰ। ਬਦ-ਕਿਸਮਤ ਹੈ ਵੋ ਜੋ ਮੁਝੇ ਛੋੜਤਾ ਹੈ, ਕਿਉਂਕਿ ਮੇਰੇ ਬਗੈਰ ਸਬ ਤਾਰੀਕੀ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਇਹੋ ਸਿਧਾਂਤ ਹੈ ਕਿ ਸੱਚੇ ਗੁਰੂ ਬਿਨਾਂ ਹਰ ਪਾਸੇ ਅੰਧਕਾਰ ਹੁੰਦੀ ਹੈ; ਜਿਹਾ ਕਿ ਲਿਖਿਆ ਹੈ ਕਿ :–

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਮ: ੨

ਆਓ ! ਇਸ ਪੂਰਨ ਗੁਰੂ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦਾ ਲੜ ਫੜ ਕੇ ਇਸ ਭਵਜਲ ਤੋਂ ਪਾਰ ਹੋਣ ਦਾ ਉਪਰਾਲਾ ਕਰ ਲਉ।

ਪ੍ਰਕਾਸ਼ਕ –**ਨਜ਼ਾਰਤ ਦਾਅਵਤੋ-ਤਬਲੀਗ**

ਕਾਦੀਆਨ, (ਗੁਰਦਾਸਪੁਰ)

ਚੌਥੀ ਵਾਰ ਸੰਖਿਆ ੧੦,੦੦੦ ਸੰਨ ੧੯੮੦ ਈ:

ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ।

Publisher: Mubarak Ahmad Saqi
Additional: Nazir Isha'at and Vakilut Tasneef
The London Mosque
16 Gressen Hall Road, London SW18

Printed by The Eastern Press Ltd
London and Reading